# ਪਰਮੇਸ਼ਵਰ ਨੇ ਪ੍ਰਾਰਥਨਾ ਨੂੰ ਸੁਣਿਆ ਅਤੇ ਸ਼ੇਰਾ ਦਾ ਮੂੰਹਾ ਨੂੰ ਬੰਦ ਕਰ ਦਿੱਤਾ।

**ਪ੍ਰਾਰਥਨਾ** : ''ਪਿਆਰੇ ਪਿਤਾ, ਬੇਨਤੀ ਕਰਕੇ ਇਹ ਪੜ੍ਹਾਈ ਬੱਚਿਆਂ ਨੂੰ ਪ੍ਰਾਰਥਨਾ ਵਿਸ਼ਵਾਸ ਨਾਲ ਕਰਨ ਵਿੱਚ ਸਿਖਾਣ ਲਈ ਇਸਤੇਮਾਲ ਕਰੋ।

ਇੰਨ੍ਹਾਂ ਸਿਖਾਣ ਵਾਲੀਆਂ ਗਤੀਵਿਧੀਆਂ: ਵਿੱਚੋ ਕੋਈ ਵੀ ਚੁਣ ਲਉ, ਉਹ ਜਿਹੜੀਆਂ ਬੱਚਿਆਂ ਦੀ ਉਮਰ ਅਤੇ ਇੱਕ ਦਮ ਦੀ ਜ਼ਰੂਰਤ ਨੂੰ ਪੂਰਾ ਕਰਦੀਆ ਹਨ



ਦਾਨੀਏਲ ਅਤੇ ਸ਼ੇਰਾ ਬਾਰੇ, ਇੱਕ ਅਧਿਆਪਕ ਜਾਂ ਵੱਡਾ ਬੱਚਾ ਜ਼ਰੂਰ ਪੜ੍ਹੇ ਜਾ ਯਾਦ ਕਰਕੇ ਦੁਹਰਾਏ ਦਾਨੀਏਲ 6 ਬਾਪ ਵਿੱਚ ਕਹਾਣੀ। ਇਹ ਦੱਸਦੀ ਹੈ ਕਿਵੇ ਪਰਮੇ ਸ਼ਵਰ ਨੇ ਦਾਨੀਏਲ ਦੀ ਪ੍ਰਾਰਥਨਾ ਦਾ ਉੱਤਰ ਦਿੱਤਾ ਅਤੇ ਕਿਵੇ ਉਹਨੂੰ ਸ਼ੇਰਾ ਤੋਂ ਖਾਣ ਲਈ ਬਚਾਇਆ।

ਆਖੋ (ਹਰੇਕ ਪ੍ਰਸ਼ਨਾ ਦੇ ਬਾਦ ਉੱਤਰ ਦਿੱਤਾ ਗਿਆ ਹੈ)

1. ਕਿਉ ਰਾਜਾ ਦੇ ਅਧਿਕਾਰੀ ਦਾਨੀਏਲ ਨਾਲ ਜਲਸ ਰੱਖਦੇ ਸਨ? *(ਦੇਖੋ ਆਇਤ 3)*
2. ਕਿਉ ਰਾਜਾ ਦੇ ਅਧਿਕਾਰੀ ਚਾਹੁੰਦੇ ਸਨ ਕਿ ਰਾਜਾ ਪ੍ਰਾਰਥਨਾ ਦੇ ਬਾਰੇ ਨਵਾਂ ਕਾਨੂੰਨ ਬਣਾਵੇ? *(ਆਇਤ 5)*
3. ਦਾਨੀਏਲ ਨੇ ਕੀ ਕੀਤਾ, ਜਦੋਂ ਉਸਨੇ ਰਾਜੇ ਦੇ ਨਵੇ ਕਾਨੂੰਨ ਦੇ ਬਾਰੇ ਵਿੱਚ ਸੁਣਿਆ? *(ਆਇਤ 10)*
4. ਰਾਜੇ ਨੇ ਰਾਤ ਨੂੰ ਕੀ ਕੀਤਾ ਜਦੋਂ ਦਾਨੀਏਲ ਸ਼ੇਰਾ ਦੇ ਘੁਰੇ ਵਿੱਚ ਸੀ? *(ਆਇਤ 18)*
5. ਕਿਵੇ ਦਾਨੀਏਲ ਸ਼ੇਰਾਂ ਤੋਂ ਬੱਚ ਗਿਆ ਸੀ? *(ਆਇਤ 22)*
6. ਬਾਦ ਵਿੱਚ ਨਵੇ ਕਾਨੂੰਨ ਨੇ ਕੀ ਕੀਤਾ, ਜਿਹੜਾ ਰਾਜਾ ਨੇ ਬਣਾਇਆ ਜਦੋ ਦਾਨੀਏਲ ਸ਼ੇਰਾ ਤੋਂ ਬੱਚ ਗਿਆ? *(ਆਇਤ 26)*

(ਦਾਨੀਏਲ 6) ਕਹਾਣੀ ਦੇ ਹਿੱਸਿਆਂ ਦਾ ਨਾਟਕ ਤਿਆਰ ਕਰੋ।

ਝੁੰਡ ਦੇ ਅਗੁਵੇ ਨਾਲ ਮਿਲ ਕੇ ਇਹ ਨਾਟਕ ਅਰਾਧਨਾ ਦੇ ਦੌਰਾਨ ਪੇਸ਼ ਕਰਨ ਦਾ ਇੰਤਜਾਮ ਕਰੋ। ਬੱਚੇ ਚੰਗੀ ਤਰ੍ਹਾਂ ਤਿਆਰੀ ਕਰਨ।

ਵੱਡੇ ਬੱਚੇ ਜਾਂ ਬਾਲਿਗਾਂ ਇੰਨ੍ਹਾਂ ਹਿੱਸਿਆ ਨੂੰ ਕਰਨ।

**ਵਾਚਕ** :- ਕਹਾਣੀ ਨੂੰ ਛੋਟਾ ਕਰਕੇ, ਬੱਚਿਆਂ ਨੂੰ ਯਾਦ ਕਰਾਉਣ ਵਿੱਚ, ਉਨ੍ਹਾਂ ਨੇ ਕੀ ਕਰਨਾ ਹੈ ਅਤੇ ਕੀ ਬੋਲਣਾ ਹੈ। ਮੱਦਦ ਕਰੋ।

**ਰਾਜਾ:** ਇੱਕ ਕਾਂਗਜ ਲਵੇ ਤੇ ਆਖੇ, ''ਰਾਜਾ ਦਾ ਫੈਸਲਾ'' ਹੈ।

**ਦਾਨੀਏਲ**

**ਛੋਟੇ** ਬੱਚੇ ਇੰਨ੍ਹਾਂ ਹਿੱਸਿਆਂ ਨੂੰ ਕਰਨ :

ਰਾਜੇ ਦੇ ਅਧਿਕਾਰੀ, ਇੱਕ ਕਾਂਗਜ ਫੜ ਕੇ ਰੱਖਣ, ਜਿਹਦੇ ਉੱਤੇ ਰਾਜ। ਦਾ ਫੈਸਲਾ (ਹੁੱਕਮ) ਹੋਵੇ।

ਸ਼ੇਰ, ਹੱਥਾਂ ਅਤੇ ਪੈਰਾਂ ਉੱਤੇ ਚੱਲੋ ਅਤੇ ਦਹਾੜੋ।

**ਫਰਿਸ਼ਤਾ** (ਕੱਪੜੇ ਫੜ ਕੇ ਰੱਖੇ)

**ਸਿਪਾਹੀ**

**ਵਾਚਕ :** ਆਇਤਾਂ 1-10 ਵਿੱਚ ਕਹਾਣੀ ਦੇ ਪਹਿਲੇ ਹਿੱਸੇ ਨੂੰ ਦੱਸੇ, ਅਤੇ ਫਿਰ ਆਖੇ, ''ਸੁਣੋ ਰਾਜਾ ਦੇ ਅਧਿਕਾਰੀ ਕੀ ਕਹਿੰਦੇ ਹਨ।''

**ਰਾਜਾ ਦੇ ਅਧਿਕਾਰ** :- ਉੱਚੀ ਉੱਚੀ ਆਖਣ, ਰਾਜਾ ਦਾਨੀਏਲ ਨੂੰ ਬਹੁਤ ਮਹੱਤਵਪੂਰਨ ਬਣਾ ਰਿਹਾ ਹੈ, ਸਾਡੇ ਤੋਂ ਵੀ ਜਿਆਦਾ।''

''**ਆਉ ਉਹਨੂੰ ਅਸੀ ਨਸ਼ਟ** (ਖਤਮ) ਕਰ ਦੇਈਏ। ਅਸੀ ਉਹਦੇ ਉੱਤੇ ਕਿਹੜਾ ਦੋਸ਼ ਲਾਈਏ?''

''ਉਹ ਕੁਝ ਵੀ ਗਲਤ ਨਹੀ ਕਰਦਾ।''

''ਆਉ ਰਾਜੇ ਦਾ ਨਿਯਮ, ਦਾਨੀਏਲ ਦੀ ਪ੍ਰਾਥਨਾ ਪਰਮੇਸ਼ਵਰ ਦੇ ਲਈ ਵਿਰੋਧ ਵਿੱਚ ਬਣਾਇਏ।''

**ਰਾਜਾ** : ਅਧਿਕਾਰੀਆ ਦੇ ਹੱਥਾ ਵਿੱਚ ਕਾਗਜ ਦੇਵੇ, ''ਸਹੀ ਹੈ ! ਇਹ ਨਵਾ ਕਾਨੂੰਨ ਜਿਹੜਾ ਤੁਸੀ ਚਾਹੁੰਦੇ ਹੋ ਕਿ ਹਰੇਕ ਸਿਰਫ ਮੇਰੀ ਹੀ ਪ੍ਰਾਥਨਾ ਕਰੇ।''

**ਦਾਨੀਏਲ** :- ਕੁਰਸੀ ਉੱਤੇ ਚੜ੍ਹ ਜਾਵੇ ਤੇ ਖਿੜਕੀ ਖੋਲਣ ਦਾ ਦਿਖਾਵਾ ਕਰੇ, ਫਿਰ ਗੋਡਿਆਂ ਤੇ ਬਹਿ ਕੇ ਆਖ, ''ਪਰਮੇਸ਼ਵਰ, ਮੈ ਇੱਕਲਾ ਤੇਰੀ ਪ੍ਰਾਰਥਨਾ ਅਤੇ ਤੇਰੀ ਵਡਿਆਈ ਹਰ ਰੋਜ ਕਰਦਾ ਹਾਂ।''

**ਵਾਚਕਾ** ਆਇਤਾ 11-18 ਵਿੱਚ ਕਹਾਣੀ ਦੇ ਦੂਜੇ, ਹਿੱਸੇ ਬਾਰੇ ਦੱਸੇ ਆਖੇ, ''ਸੁਣੋ ਰਾਜਾ ਦੇ ਅਧਿਕਾਰੀ ਕੀ ਆਖਦੇ ਹਨ?''

**ਰਾਜਾ ਦੇ ਅਧਿਕਾਰੀ,** ''ਸੁਣੋ, ਰਾਜਾ, ਦਾਨੀਏਲ ਅੱਜ ਤੱਕ ਵੀ ਆਪਣੇ ਪਰਮੇਸ਼ਵਰ ਦੀ ਪ੍ਰਾਰਥਨਾ ਕਰਦੇ ਹੈ, ''ਤੈਹਾਨੂੰ ਜ਼ਰੂਰ ਉਹਨੂੰ ਸ਼ੇਰਾ ਦੇ ਘੁਰੇ ਵਿੱਚ ਸੁਟਵਾ ਦੇਣਾ ਚਾਹੀਦਾ ਹੈ।''

**ਰਾਜਾ ਨਹੀ, ਨਹੀ।** ਮੈ ਇਹ ਨਹੀ ਕਰਨਾ ਚਾਹੁੰਦਾ, ਪਰ ਇਹ ਤਾਂ ਕਾਨੂੰਨ ਹੈ, ਉਹਨੂੰ ਵਿੱਚ ਸੁੱਟ ਦਿਉ ਅਤੇ ਬਾਹਰ ਨਿਕਲੱਣ ਦੀ ਜਗ੍ਹਾਂ ਵਿੱਚ ਇੱਕ ਵੱਡਾ ਪੱਥਰ ਲਾ ਦਿਉ। ਨਹੀ, ਮੈ ਤਾਂ ਬਹੁਤ ਉਦਾਸ ਸੀ। ਮੈ ਖਾ ਨਹੀ ਸਕਦਾ ਜਾ ਸਾਰੀ ਰਾਤ ਸੌ ਨਹੀ ਸਕਦਾ।''

**ਸਿਪਾਹੀ** :- ਦਾਨੀਏਲ ਨੂੰ ਸ਼ੇਰਾਂ ਦੇ ਵਿੱਚਕਾਰ ਸੁੱਟ ਦੇਣ।

**ਸ਼ੇਰ** :- ਦਹਾੜਨ।

**ਵਾਚਕ**:- ਆਇਤਾਂ 19-22 ਵਿੱਚ ਕਹਾਣੀ ਦੇ ਤੀਜੇ ਹਿੱਸੇ ਬਾਰੇ ਦੱਸੇ, ਆਖੇ, ''ਸੁਣੋ ਫਰਿਸ਼ਤਾ ਕੀ ਆਖਦਾ ਹੈ।''

**ਫਰਿਸ਼ਤਾ**:- ਕਪੜੇ ਨਾਲ ਸ਼ੇਰਾਂ ਦੇ ਮੂੰਹ ਢੱਕ ਦੇਵੇ, ਅਤੇ ਆਖੇ, ਸ਼ੇਰੋ, ਦਾਨੀਏਲ ਨੂੰ ਤਕਲੀਫ ਨਹੀ ਦੇਣਾ।'' ਸ਼ੇਰ ਦਾਨੀਏ ਲ ਦੇ ਆਲੇ ਦੁਆਲੇ ਘੁੰਮਣ ਤੇ ਹੇਠਾਂ ਬੈਠ ਜਾਣ ਅਤੇ ਸੌ ਜਾਣ।

**ਰਾਜਾ** : ''ਆਖਿਰਕਾਰ, ''ਸਵੇਰਾ ਹੋ ਗਿਆ ਹੈ।'' (ਜਿਥੇ ਸ਼ੇਰ ਹਨ ਉਧਰ ਨੂੰ ਜਾਵੇ) ''ਦਾਨੀਏਲ ਕਿ ਤੂੰ ਜਿਉਦਾ ਹੈ? ਕਿ ਤੇ ਰੇ ਪਰਮੇਸ਼ਵਰ ਨੇ ਤੈਨੂੰ ਬਚਾ ਲਿਆ?''

**ਦਾਨੀਏਲ**: ''ਮੈ ਹਾਂ, ਇੱਕ ਫਰਿਸ਼ਤੇ ਨੇ ਸ਼ੇਰਾ ਦੇ ਮੂੰਹ ਨੂੰ ਬੰਦ ਕਰ ਦਿੱਤਾ।''

**ਵਾਚਕ**:- ਆਇਤਾਂ 23-28 ਵਿੱਚੋ ਕਹਾਣੀ ਦੇ ਚੌਥੇ ਹਿੱਸੇ ਨੂੰ ਦੱਸੇ ਆਖੇ, ''ਸੁਣੋ ਰਾਜਾ ਕੀ ਆਖਦਾ ਹੈ।''

**ਰਾਜਾ**: ''ਮੈ ਬਹੁਤ ਖੁਸ਼ ਹਾਂ। ਉਨ੍ਹਾਂ ਬੁਰੇ (ਸ਼ੈਤਾਨ) ਅਧਿਕਾਰੀਆ ਨੂੰ ਲੈ ਕੇ ਆਉ। ਉਨ੍ਹਾਂ ਨੂੰ ਸ਼ੇਰਾਂ ਕੋਲ ਸੁੱਟ ਦਿਉ। ਹੁਣ ਅਸੀਂ ਸਾਰੇ ਦਾਨੀਏਲ ਦੇ ਪਰਮੇਸ਼ਵਰ ਦੀ ਅਰਾਧਨਾ ਕਰਾਗੇ।''

**ਸਿਪਾਹੀ**: ਅਧਿਕਾਰੀਆਂ ਨੂੰ ਸ਼ੇਰਾਂ ਦੇ ਵਿੱਚ ਸੁੱਟ ਦੇਣ।

**ਸ਼ੇਰ**:- ਦਹਾੜਨ ਅਤੇ ਅਧਿਕਾਰੀਆਂ ਉੱਤੇ ਹੱਲਾ ਬੋਲ ਦੇਣ।

**ਵਾਚਕ**:- ਉਨ੍ਹਾਂ ਸਭਨਾਂ ਦਾ ਧੰਨਵਾਦ ਉਹ ਜਿੰਨਾ ਨੇ ਸਾਨੂੰ ਪ੍ਰਾਥਨਾ ਵਿਸ਼ਵਾਸ ਨਾਲ ਕਰਨ ਲਈ ਸਿਖਾਇਆ।''

**ਪ੍ਰਸ਼ਨ**: ਜੇ ਇਹ ਨਾਟਕ ਬੱਚੇ, ਬਾਲਿਗਾਂ ਲਈ ਪੇਸ਼ ਕਰਨ। ਤਾਂ ਉਨ੍ਹਾਂ ਨੇ ਉਪਰ ਦਿੱਤੀ ਸੂਚੀ ਦੇ ਪ੍ਰਸ਼ਨਾ ਨੂੰ ਦਾਨੀਏ ਲ ਅਤੇ ਉਹਦੀਆ ਪ੍ਰਾਰਥਨਾਵਾ ਕਰਨ ਬਾਰੇ ਵਿੱਚ ਪੁੱਛਣ ਦਿਓ।



**ਬੱਚਿਆਂ ਕੋਲੋ ਪੁੱਛੋ**: ਹੋਰ ਕਿਹੜੀਆਂ ਦੂਜੀਆਂ ਉਦਾਹਰਣਾ ਹਨ ਜਦੋ ਸਾਨੂੰ ਵਿਸ਼ਵਾਸ ਯੋਗ ਬਣ ਕੇ ਲਾਜਮੀ ਪ੍ਰਾਰਥਨਾ ਕਰਨਾ ਹੈ? (ਬੱਚਿਆਂ ਨੂੰ ਉਦਾਹਰਣਾ ਦੇਣ ਦਿਉ)



ਇੱਕ ਸ਼ੇਰ ਦੀ ਤਸਵੀਰ ਬਣਾਉ ਜਾ ਦਿਖਾਉ। ਬੱਚੇ ਇਸ ਦੀ ਨਕਲ ਕਰਨ। ਉਹ ਆਪਣੀਆਂ ਤਸਵੀਰਾਂ ਨੂੰ ਆਉਣ ਵਾਲੀ ਬਾਲਿਗਾਂ ਦੀ ਅਰਾਧਨਾ ਵਿੱਚ ਦਿਖਾਣ ਅਤੇ ਇਹ ਸਮਝਾਉਣ, ਇਹ ਸਾਨੂੰ ਦੱਸਦੀਆਂ ਹਨ ਸਾਨੂੰ ਕਿਵੇ ਪ੍ਰਾਰਥਨਾ ਕਰਨ ਵਿੱਚ ਵਿਸ਼ਵਾਸ ਜੋਗ ਰਹਿੰਣਾ ਹੈ। ਭਾਵੇ ਕਿ ਇਸ ਲਈ ਲੋਕ ਸਾਡੇ ਨਾਲ ਨਫਰਤ ਵੀ ਕਰਨ।

ਯਾਦ ਕਰੋ 2 ਥੱਸਲੁਨਕੀਆ 3:2

**ਕਵਿਤਾ** :- ਤਿੰਨ ਬੱਚੇ ਹਰੇਕ ਇੱਕ ਇੱਕ ਆਇਤ ਨੂੰ ਦੁਹਰਾਉਣ, ਜਬੂਰਾਂ ਦੇ ਪੋਥੀ 57:4, 5 ਤੇ 6 ਵਿੱਚ।

**ਪ੍ਰਾਰਥਨਾ** :– ''ਪਰਮੇਸ਼ਵਰ ਤੁਸੀ ਸ਼ਕਤੀਮਾਨ ਹੋ। ਤੁਸੀ ਸ਼ੇਰਾਂ ਦਾ ਮੂੰਹ ਵੀ ਬੰਦ ਕਰ ਦਿੰਦੇ ਹੋ। ਅਸੀ ਹਮੇਸ਼ਾਂ ਤੁਹਾਡੇ ਉੱਤੇ ਭਰੋਸਾ ਕਰਾਂਗੇ। ਅਸੀ ਹਮੇਸ਼ਾ ਤੁਹਾਡੇ ਕੋਲ ਪ੍ਰਾਰਥਨਾ ਕਰਦੇ ਰਹਾਗੇ। ਇੱਥੋ ਤੱਕ ਕਿ ਭਾਵੇ ਇਹ ਬਹੁਤ ਔਖਾ ਵੀ ਹੋਵੇ। ਚਾਹੇ ਜੇ ਸਾਡੇ ਨਾਲ ਬੁਰੀਆਂ ਚੀਜ਼ਾਂ ਵੀ ਵਾਪਰਣ (ਘੱਟਨ) ਤੁਸੀ ਸਾਨੂੰ ਸਦੀਪਕ ਮੌਤ ਤੋਂ ਬਚਾ ਲਓਗੇ, ਯਿਸ਼ੂ ਦੇ ਨਾਮ ਵਿੱਚ, ਆਮੀਨ।''

Copyright 2004 © by Paul-Timothy. May be freely copied. Download from www.Paul-Timothy.net